# <u>ਦਫਤਰ ਨਗਰਕੌਂਸਲ, ਮਲੇਰਕੋਟਲਾ</u>

*ਵਿਸ਼ਾ :-* *<u>ਬਜਟ ਬਰਾਏ ਸਾਲ 2016-2017 ਨਗਰਕੌਂਸਲ, ਮਲੇਰਕੋਟਲਾ</u>*

ਸਾਲ 2016-2017 ਦਾ ਅਨੁਮਾਨਤ ਬਜਟ ਜੋ ਕਾਰਜ ਸਾਧਕ ਅਫਸਰ ਦੀਆਂ ਹਦਾਇਤਾਂ ਅਨੁਸਾਰ ਲੇਖਾਕਾਰ ਵਲੋਂ ਤਿਆਰ ਕੀਤਾ ਗਿਆ ਹੈ। ਆਮਦਨ ਅਤੇ ਖਰਚੇ ਦਾ ਵੇਰਵਾ ਹੈਡਵਾਈਜ਼ ਜੋ ਤਜਵੀਜ਼ ਕੀਤਾ ਗਿਆ ਹੈ ਉਹ ਹੇਠ ਲਿਖੇ ਅਨੁਸਾਰ ਹੈ :-

1. *<u>ਪ੍ਰਾਪਰਟੀ ਟੈਕਸ</u>:-*

ਇਸ ਮੱਦ ਅਧੀਨ ਸਾਲ 2015-16 ਵਿਚ 400.00 ਲੱਖ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਸੀ। ਇਸ ਮੱਦ ਅਧੀਨ ਮਾਹ ਦਸੰਬਰ-2015 ਤੱਕ 113.83 ਲੱਖ ਰੁਪਏ ਦੀ ਆਮਦਨ ਹੋ ਚੁੱਕੀ ਹੈ। ਸਾਲ ਦੇ ਅੰਤ ਤੱਕ 130.88 ਲੱਖ ਰੁਪਏ ਦੀ ਆਮਦਨ ਹੋਣ ਦੀ ਆਸ ਹੈ।ਇਸ ਮੱਦ ਅਧੀਨ 400.00 ਲੱਖ ਰੁਪਏ ਸਾਲ 2016-17 ਲਈ ਬਜਟ ਤਜਵੀਜ਼ ਕੀਤਾ ਜਾਂਦਾ ਹੈ।

2. *<u>ਬਸ ਅੱਡਾ ਫੀਸ</u> :-*

ਚਾਲੂ ਮਾਲੀ ਸਾਲ ਵਿਚ ਇਸ ਮੱਦ ਤਹਿਤ 22.00 ਲੱਖ ਰੁਪਏ ਦਾ ਬਜਟ ਟੀਚਾ ਮਿੱਥਿਆ ਗਿਆ ਸੀ। ਇਸ ਮੱਦ ਅਧੀਨ ਮਾਹ ਦਸੰਬਰ-2015 ਤੱਕ 13.10 ਲੱਖ ਰੁਪਏ ਦੀ ਆਮਦਨ ਹੋ ਚੁੱਕੀ ਹੈ ।ਮਿਤੀ 31/03/2016 ਤੱਕ 17.50 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਣਾ ਹੈ। ਸਾਲ 2016-17 ਲਈ ਇਸ ਮੱਦ ਅਧੀਨ 25.00 ਲੱਖ ਰੁਪਏ ਦਾ ਬਜਟ ਤਜਵੀਜ਼ ਕੀਤਾ ਗਿਆ ਹੈ।

3. *<u>ਵੈਟ</u>/<u>ਚੂੰਗੀ</u> :-*

ਇਸ ਮੱਦ ਅਧੀਨ ਸਾਲ 2015-16 ਲਈ 1560.00 ਲੱਖ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਸੀ। ਇਸ ਮੱਦ ਅਧੀਨ ਮਾਹ ਦਸੰਬਰ-2015 ਤੱਕ 1117.12 ਲੱਖ ਰੁਪਏ ਪ੍ਰਾਪਤ ਹੋਏ ਹਨ। ਸਾਲ ਦੇ ਅੰਤ ਤੱਕ ਇਸ ਮੱਦ ਅਧੀਨ 1510.86 ਲੱਖ ਰੁਪਏ ਦੀ ਆਮਦਨ ਹੋਣ ਦੀ ਆਸ ਹੈ। ਇਸ ਮੱਦ ਅਧੀਨ ਅਗਲੇ ਮਾਲੀ ਸਾਲ 2016-17 ਲਈ 1660.00 ਲੱਖ ਰੁਪਏ ਦੀ ਆਮਦਨ ਦਾ ਟੀਚਾ ਰੱਖਿਆ ਗਿਆ ਹੈ।

4. *<u>ਐਕਸਾਈਜ਼ ਡਿਊਟੀ</u> :-*

ਇਸ ਮੱਦ ਅਧੀਨ ਸਾਲ 2015-16 ਵਿਚ 75.00 ਲੱਖ ਰੁਪਏ ਦਾ ਬਜਟ ਟੀਚਾ ਮਿੱਥਿਆ ਗਿਆ ਸੀ। ਮਾਹ ਦਸੰਬਰ -2015 ਤੱਕ ਸਰਕਾਰ ਵਲੋ ਇਸ ਮੱਦ ਅਧੀਨ ਕੋਈ ਆਮਦਨ ਪ੍ਰਾਪਤ ਨਹੀ ਹੋਈ ਹੈ। ਇਸ ਮੱਦ ਅਧੀਨ ਮਿਤੀ 31/03/2016 ਤੱਕ 75.94 ਲੱਖ ਰੁਪਏ ਆਮਦਨ ਪ੍ਰਾਪਤ ਹੋਣ ਦੀ ਆਸ ਹੈ। ਸਾਲ 2016-17 ਲਈ 100.00 ਲੱਖ ਰੁਪਏ ਦੀ ਆਮਦਨ ਹੋਣੀ ਤਜਵੀਜ਼ ਕੀਤੀ ਗਈ ਹੈ।

5. ***ਬਿਜਲੀ ਤੋਂ ਚੂੰਗੀ :-***

ਇਸ ਮੱਦ ਅਧੀਨ ਸਾਲ 2015-16 ਵਿਚ ਮਿੱਥੇ ਗਏ 240.00 ਲੱਖ ਰੁਪਏ ਦੇ ਬਜਟ ਟੀਚੇ ਵਿਰੁੱਧ ਦਸੰਬਰ-2015 ਤੱਕ 154.10 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋ ਚੁੱਕੀ ਹੈ। ਚਾਲੂ ਮਾਲੀ ਸਾਲ ਦੇ ਅੰਤ ਤੱਕ 204.58 ਲੱਖ ਰੁਪਏ ਦੀ ਆਮਦਨ ਹੋਣ ਦੀ ਉਮੀਦ ਹੈ।ਇਸ ਲਈ ਸਾਲ 2016-17 ਲਈ ਇਸ ਮੱਦ ਅਧੀਨ 240.00 ਲੱਖ ਰੁਪਏ ਦਾ ਬਜਟ ਤਜਵੀਜ਼ ਕੀਤਾ ਗਿਆ ਹੈ।

6. ***ਵਾਟਰ ਰੇਟ :-***

ਸਾਲ 2015-16 ਵਿਚ ਵਾਟਰ ਰੇਟ ਤੋਂ ਨਗਰਕੌਂਸਲ ਨੂੰ 100.00 ਲੱਖ ਰੁਪਏ ਦੇ ਬਜਟ ਉਪਬੰਧ ਦੇ ਬਦਲੇ ਦਸੰਬਰ-2015 ਤੱਕ 32.19 ਲੱਖ ਰੁਪਏ ਪ੍ਰਾਪਤ ਹੋ ਚੁੱਕੇ ਹਨ। ਸਾਲ ਦੇ ਅੰਤ ਤੱਕ 38.74 ਲੱਖ ਰੁਪਏ ਦੀ ਆਮਦਨ ਹੋਣ ਦੀ ਆਸ ਹੈ। ਇਸ ਲਈ ਅਗਲੇ ਮਾਲੀ ਸਾਲ 2016-17 ਲਈ ਇਸ ਮੱਦ ਅਧੀਨ 100.00 ਲੱਖ ਰੁਪਏ ਦਾ ਬਜਟ ਤਜਵੀਜ਼ ਕੀਤਾ ਗਿਆ ਹੈ।

7. ***ਸੀਵਰੇਜ :-***

ਸਾਲ 2015-16 ਵਿਚ ਇਸ ਮੱਦ ਅਧੀਨ 25.00 ਲੱਖ ਰੁਪਏ ਦਾ ਬਜਟ ਟੀਚਾ ਮਿੱਥਿਆ ਗਿਆ ਸੀ। ਮਾਹ ਦਸੰਬਰ-2015 ਤੱਕ 6.70 ਲੱਖ ਰੁਪਏ ਦੀ ਆਮਦਨ ਵਸੂਲੀ ਜਾ ਚੁੱਕੀ ਹੈ।ਸਾਲ ਦੇ ਅੰਤ ਤੱਕ ਇਹ ਆਮਦਨ 9.31 ਲੱਖ ਰੁਪਏ ਹੋਣ ਦੀ ਸੰਭਾਵਣਾ ਹੈ। ਇਸ ਲਈ ਸਾਲ 2016-17 ਲਈ ਇਸ ਮੱਦ ਅਧੀਨ 25.00 ਲੱਖ ਰੁਪਏ ਦਾ ਬਜਟ ਤਜਵੀਜ਼ ਕੀਤਾ ਜਾਂਦਾ ਹੈ।

8. ***ਰੈਂਟ :-***

ਇਸ ਮੱਦ ਅਧੀਨ ਸਾਲ 2016-17 ਵਿਚ 15.00 ਲੱਖ ਰੁਪਏ ਦੇ ਮਿੱਥੇ ਬਜਟ ਦੇ ਬਦਲੇ ਵਿਚ ਦਸੰਬਰ-2015 ਤੱਕ 8.53 ਲੱਖ ਰੁਪਏ ਦੀ ਆਮਦਨ ਵਸੂਲ ਕੀਤੀ ਗਈ ਹੈ। ਸਾਲ ਦੇ ਅੰਤ ਤੱਕ 10.41 ਲੱਖ ਰੁਪਏ ਪ੍ਰਾਪਤ ਹੋਣ ਦੀ ਉਮੀਦ ਹੈ। ਇਸ ਲਈ ਸਾਲ 2016-17 ਲਈ 15.00 ਲੱਖ ਰੁਪਏ ਦੀ ਆਮਦਨ ਦਾ ਟੀਚਾ ਰੱਖਿਆ ਗਿਆ ਹੈ।

9. **ਬਿਲਡਿੰਗ ਐਪਲੀਕੇਸ਼ਨ ਫੀਸ:-**

ਸਾਲ 2015-16 ਦੋਰਾਨ ਇਸ ਮੱਦ ਲਈ 50.00 ਲੱਖ ਰੁਪਏ ਦਾ ਬਜਟ ਪਾਸ ਕੀਤਾ ਗਿਆ ਸੀ। ਮਾਹ ਦਸੰਬਰ-2015 ਤੱਕ 20.39 ਲੱਖ ਰੁਪਏ ਦੀ ਆਮਦਨ ਹੋ ਚੁੱਕੀ ਹੈ ਅਤੇ ਸਾਲ ਦੇ ਅੰਤ ਤੱਕ 43.83 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਣਾ ਹੈ। ਇਸ ਲਈ ਇਸ ਮੱਦ ਅਧੀਨ ਅਗਲੇ ਮਾਲੀ ਸਾਲ 2016-17 ਲਈ 50.00 ਲੱਖ ਰੁਪਏ ਦੀ ਆਮਦਨ ਤਜਵੀਜ਼ ਕੀਤੀ ਗਈ ਹੈ।

10. ***ਹੋਰ ਸਾਧਨ :-***

ਇਸ ਮੱਦ ਅਧੀਨ ਚਾਲੂ ਮਾਲੀ ਸਾਲ ਵਿਚ 320.30 ਲੱਖ ਰੁਪਏ ਦਾ ਬਜਟ ਟੀਚਾ ਮਿੱਥਿਆ ਗਿਆ ਸੀ। ਮਾਹ ਦਸੰਬਰ-2016 ਤੱਕ ਇਸ ਮੱਦ ਅਧੀਨ 102.09 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋਈ ਹੈ।ਮਿਤੀ 31/03/2016 ਤੱਕ 141.24 ਲੱਖ ਰੁਪਏ ਆਮਦਨ ਹੋਣ ਦੀ ਆਸ ਹੈ।ਇਥੇ ਇਹ ਵੀ ਦੱਸਨਾ ਜਰੂਰੀ ਹੈ ਕਿ ਇਹ

ਆਮਦਨ ਸੇਲ ਆਫ ਲੈਂਡ ਤੋਂ ਬਿਨਾਂ ਹੈ ।ਸੇਲ ਆਫ ਲੈਂਡ ਸਬੰਧੀ ਨਗਰ ਕੋਸਲ ,ਮਲੇਰ ਕੋਟਲਾ ਵਲੋਂ ਅਪਣੇ ਮਤਾ ਨੰ: 17/123 ਮਿਤੀ 16/12/2003 ਰਾਹੀਂ ਅਪਣੇ ਪੁਰਾਣੇ ਦਫਤਰ ਦੀ ਬਿਲਡਿੰਗ ਨੂੰ ਖੁਲੀ ਬੋਲੀ ਰਾਹੀਂ ਵੇਚਣਾ ਪ੍ਰਵਾਨ ਕੀਤਾ ਗਿਆ ਸੀ।ਮਾਨਯੋਗ ਡਾਇਰੈਕਟਰ ,ਸਥਾਨਕ ਸਰਕਾਰ ਪੰਜਾਬ ,ਚੰਡੀਗੜ ਜੀ ਦੇ ਪੱਤਰ ਨੰ:2ਡਸਸ-ਜਬ-2004/42 ਮਿਤੀ 06/01/2004 ਦੀ ਪਾਲਣਾ ਵਿਚ ਇਸ ਬਿਲਡਿੰਗ ਨੂੰ ਵੇਚਣ ਸਬੰਧੀ ਰੇਟ ਫਿਕਸ ਕਰਵਾਉਣ ਲਈ ਮਾਨਯੋਗ ਡਿਪਟੀ ਕਮਿਸ਼ਨਰ ,ਸੰਗਰੂਰ ਜੀ ਵਲੋਂ ਇਸ ਜਗ੍ਹਾਂ ਦਾ ਮੋਕਾ ਵੇਖਕੇ ਅਪਣੇ ਪਿੱਠ ਅੰਕਣ ਨੰ:1303/ਜਮਲ ਮਿਤੀ 26/11/2007 ਰਾਹੀਂ ਇਸ ਦੀ ਰਿਜ਼ਰਵ ਕੀਮਤ 20,000/- ਪ੍ਰਤੀ ਵ:ਗਜ਼ ਫਿਕਸ ਕੀਤੀ ਗਈ ਸੀ ਅਤੇ ਇਸ ਨੂੰ ਖੁੱਲੀ ਬੋਲੀ ਰਾਹੀਂ ਵੇਚਣ ਦੀ ਹਦਾਇਤ ਕੀਤੀ ਗਈ ਹੈ।ਇਸ ਤੋਂ ਬਾਅਦ ਮਾਨਯੋਗ ਡਾਇਰੈਕਟਰ ਸਥਾਨਕ ਸਰਕਾਰ ਪੰਜਾਬ ਚੰਡੀਗੜ੍ਹ ਜੀ ਵੱਲੋਂ ਆਪਣੇ ਮੀਮੋ ਨੰ:8/31/2009-3ਸਸ3/2033 ਮਿਤੀ 27/09/2010 ਰਾਂਹੀ ਖੁਲੀ ਬੋਲੀ ਰਾਂਹੀ ਭੇਜਣ ਦੀ ਪ੍ਰਵਾਨਗੀ ਦਿੱਤੀ ਹੈ। ਇਸ ਜਗ੍ਹਾਂ ਦਾ ਰਕਵਾ 414 ਵ:ਗਜ ਹੈ ਅਤੇ ਇਸ ਦੀ ਰਿਜ਼ਰਵ ਕੀਮਤ 82.80 ਲੱਖ ਬਣਦੀ ਹੈ। ਇਸ ਆਮਦਨ ਨੂੰ ਮੁੱਖ ਰੱਖਦੇ ਹੋਏ ਅਗਲੇ ਮਾਲੀ ਸਾਲ 2016-17 ਲਈ ਇਸ ਮੱਦ ਤਹਿਤ 318.00 ਲੱਖ ਰੁਪਏ ਦੀ ਆਮਦਨ ਦਾ ਟੀਚਾ ਮਿੱਥਿਆ ਗਿਆ ਹੈ।

12. ***ਕੁੱਲ ਆਮਦਨ*** :-

ਸਾਲ 2015-16 ਲਈ ਕੁੱਲ ਬਜਟਿਡ ਆਮਦਨ 2807.30 ਲੱਖ ਰੁਪਏ ਰੱਖੀ ਗਈ ਸੀ।ਮਾਹ ਦਸੰਬਰ 2015 ਤੱਕ 1568.05 ਲੱਖ ਰੁਪਏ ਦੀ ਆਮਦਨ ਹੋ ਚੁੱਕੀ ਹੈ। ਮਿਤੀ 31/03/2016 ਤੱਕ 2166.24 ਲੱਖ ਰੁਪਏ ਦੀ ਆਮਦਨ ਪ੍ਰਾਪਤ ਹੋਣ ਦੀ ਆਸ ਹੈ।ਸਾਲ 2016-17 ਲਈ ਆਮਦਨ ਦਾ ਕੁੱਲ ਟੀਚਾ 2933.00 ਲੱਖ ਰੁਪਏ ਮਿੱਥਿਆ ਗਿਆ ਹੈ।

***ਖਰਚਾ*** :-

1. ***ਅਮਲਾ*** :-

ਸਾਲ 2015-16 ਲਈ ਅਮਲੇ ਉੱਤੇ ਖਰਚੇ ਦੀ ਮੱਦ ਅਧੀਨ 1344.73 ਲੱਖ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਸੀ। ਮਾਹ ਦਸੰਬਰ-2015 ਤੱਕ ਇਸ ਮੱਦ ਤਹਿਤ 955.41 ਲੱਖ ਰੁਪਏ ਖਰਚ ਹੋ ਚੁੱਕੇ ਹਨ।ਅਤੇ ਮਿਤੀ 31/03/2016 ਤੱਕ 1311.79 ਲੱਖ ਰੁਪਏ ਖਰਚ ਹੋਣ ਦੀ ਊਮੀਦ ਹੈ। ਚਾਲੂ ਮਾਲੀ ਸਾਲ 2016-17 ਲਈ ਇਸ ਮੱਦ ਅਧੀਨ 1438.55 ਲੱਖ ਰੁਪਏ ਦਾ ਬਜਟ ਤਜਵੀਜ਼ ਕੀਤਾ ਗਿਆ ਹੈ। ਇਸ ਵਿਚ ਖਾਲੀ ਅਸਾਮੀਆਂ ਦਾ ਖਰਚਾ ਵੀ ਸ਼ਾਮਲ ਹੈ।.

2. ***ਕੰਟਨਜੈਂਸੀ*** :-

ਇਸ ਮੱਦ ਅਧੀਨ ਸਾਲ 2015-16 ਲਈ 90.66 ਲੱਖ ਰੁਪਏ ਦਾ ਬਜਟ ਮਨਜੂਰ ਕੀਤਾ ਗਿਆ ਸੀ।ਮਾਹ ਦਸੰਬਰ 2015 ਤੱਕ 49.56 ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਸਾਲ ਦੇ ਅੰਤ ਤੱਕ 80.42 ਲੱਖ ਰੁਪਏ

ਖਰਚ ਹੋਣ ਦੀ ਉਮੀਦ ਹੈ। ਸਾਲ 2016-17 ਲਈ ਇਸ ਮੱਦ ਤਹਿਤ 90.66 ਲੱਖ ਰੁਪਏ ਦਾ ਬਜਟ ਤਜਵੀਜ਼ ਕੀਤਾ ਗਿਆ ਹੈ।

3. ***ਵਿਕਾਸ ਦੇ ਕੰਮ :-***

ਇਸ ਹੈਡ ਅਧੀਨ ਸਾਲ 2015-16 ਵਿਚ 1366.91 ਲੱਖ ਰੁਪਏ ਦੇ ਖਰਚੇ ਦਾ ਬਜਟ ਪ੍ਰਵਾਨ ਕੀਤਾ ਹੋਇਆ ਸੀ।ਮਾਹ ਦਸੰਬਰ 2015 ਤੱਕ ਇਸ ਮੱਦ ਅਧੀਨ 471.18 ਲੱਖ ਰੁਪਏ ਖਰਚ ਹੋ ਚੁੱਕੇ ਹਨ। ਸਾਲ ਦੇ ਅੰਤ ਤੱਕ ਇਸ ਮੱਦ ਅਧੀਨ 719.52 ਲੱਖ ਰੁਪਏ ਖਰਚ ਹੋਣ ਦੀ ਉਮੀਦ ਹੈ।ਸਾਲ 2016-17 ਲਈ 1403.79 ਲੱਖ ਰੁਪਏ ਦੇ ਖਰਚੇ ਦਾ ਬਜਟ ਤਜਵੀਜ਼ ਕੀਤਾ ਗਿਆ ਹੈ।

ਨਗਰਕੌਂਸਲ ਦੀ ਮਾਲੀ ਹਾਲਤ ਹੇਠ ਲਿਖੇ ਅਨੁਸਾਰ ਹੋਵੇਗੀ :-

| | | | |
|---|---|---|---|
| ਮਿਤੀ 01/04/2016 ਨੂੰ ਅਨੁਮਾਨਤ ਮੁੱਢਲੀ ਬਾਕੀ | | : | 50.40 ਲੱਖ ਰੁਪਏ |
| ਆਮਦਨ ਬਾਬਤ ਸਾਲ 2016-17 (ਅਨੁਮਾਨਤ) | | : | 2933.00 ਲੱਖ ਰੁਪਏ |
| | ਜੋੜ | : | 2983.40 ਲੱਖ ਰੁਪਏ |
| ਅਨੁਮਾਨਤ ਖਰਚਾ ਬਾਬਤ ਸਾਲ 2015-16 :- | ਅਮਲਾ | : | 1438.55 ਲੱਖ ਰੁਪਏ |
| | ਕੰਟਨਜੈਂਸੀ | : | 90.66 ਲੱਖ ਰੁਪਏ |
| | ਵਿਕਾਸ ਦੇ ਕੰਮ | : | 1403.79 ਲੱਖ ਰੁਪਏ |
| | ਜੋੜ | : | 2933.00 ਲੱਖ ਰੁਪਏ |
| ਮਿਤੀ 31/03/2017 ਨੂੰ ਅੰਤਿਮ ਬਾਕੀ (ਅਨੁਮਾਨਤ) | | : | 50.40 ਲੱਖ ਰੁਪਏ |

ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਮਲੇਰਕੋਟਲਾ।

ਪ੍ਰੋਫਾਰਮਾ ਨੰ:1

ਵਿੱਤੀ ਸਾਲ 2016-17 ਲਈ ਆਮਦਨ ਮੱਦਾ ਦਾ ਤਜਵੀਜਤ ਬਜੱਟ

| ਲੜੀ ਨੰ: | ਆਮਦਨ ਮੱਦ ਦਾ ਨਾਮ | ਅਸਲ ਆਮਦਨ ਸਾਲ 2014-15 | ਪ੍ਰਵਾਨਤ ਬਜੱਟ ਸਾਲ 2015-16 | ਅਸਲ ਆਮਦਨ ਮਿਤੀ 31/12/2015 ਤੱਕ | ਅਨੁਮਾਨਤ ਆਮਦਨ 1/16 ਤੋਂ 3/16 ਤੱਕ | ਕੁੱਲ ਆਮਦਨ (ਕਾਲਮ ਨੰ:5+6) | ਸੋਧੀ ਆਮਦਨ ਮਿਤੀ 31/3/14 ਤੱਕ | ਤਜਵੀਜਤ ਆਮਦਨ |
|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 |
| 1 | ਹਾਊਸ ਟੈਕਸ/ਪ੍ਰਾਪਰਟੀ ਟੈਕਸ | 99.77 | 400.00 | 113.83 | 17.05 | 130.88 | | 400.00 |
| 2 | ਬੱਸ ਅੱਡਾ ਫੀਸ | 15.87 | 22.00 | 13.10 | 4.40 | 17.50 | | 25.00 |
| 3 | ਵੈਟ | 1502.13 | 1560.00 | 1117.12 | 393.74 | 1510.86 | | 1660.00 |
| 5 | ਬਿਜਲੀ ਤੋਂ ਚੂੰਗੀ | 189.68 | 240.00 | 154.10 | 50.48 | 204.58 | | 240.00 |
| 6 | ਐਡਵਰਟਾਇਜਮੈਂਟ ਟੈਕਸ | 17.16 | 15.00 | 5.59 | 3.20 | 8.79 | | 15.00 |
| 7 | ਐਕਸਾਈਜ ਡਿਊਟੀ | 0.00 | 75.00 | 0.00 | 75.94 | 75.94 | | 100.00 |
| 8 | ਸੋ ਟੈਕਸ | 0.06 | 0.20 | 0.06 | 0.00 | 0.06 | | 0.00 |
| 9 | ਐਟਰਟੈਨਮੈਨ ਟੈਕਸ | 0.03 | 0.10 | 0.02 | 0.00 | 0.02 | | 0.00 |
| 10 | ਡੀ.ਓ.ਟੀ ਲਾਇਸੰਸ | 5.27 | 8.00 | 5.28 | 0.55 | 5.83 | | 8.00 |
| 11 | ਵਹੀਕਲ ਲਾਇਸੰਸ ਟੈਕਸ | 0.54 | 3.00 | 0.16 | 0.32 | 0.48 | | 2.00 |
| 12 | ਲੇਬਰ ਸੈਸ | 7.07 | 0.00 | 10.87 | 4.20 | 15.07 | | 0.00 |
| 13 | ਸਲਾਟਰ ਹਾਊਸ | 0.33 | 1.50 | 0.23 | 0.15 | 0.38 | | 1.00 |
| 14 | ਬਿਲਡਿੰਗ ਫੀਸ | 38.65 | 50.00 | 20.39 | 23.44 | 43.83 | | 50.00 |
| 15 | ਕੰਪੋਜ਼ੀਸਨ ਫੀਸ | 0.47 | 0.00 | 0.10 | 0.00 | 0.10 | | 0.00 |
| 16 | ਵ/ਸ ਅਤੇ ਸੀਵਰੇਜ ਕੁਨੈਕਸ਼ਨ ਫੀਸ | 0.10 | 1.50 | 0.09 | 0.10 | 0.19 | | 1.00 |
| 17 | ਵ/ਸ | 34.73 | 100.00 | 32.19 | 6.55 | 38.74 | | 100.00 |
| 18 | ਸੀਵਰੇਜ | 8.46 | 25.00 | 6.70 | 2.61 | 9.31 | | 25.00 |
| 19 | ਆਈ.ਐਸ.ਐਲ.ਐਸ | 0.12 | 1.00 | 0.05 | 0.03 | 0.08 | | 1.00 |
| 20 | ਰੋਡ ਕੱਟ | 5.26 | 50.00 | 55.17 | 1.37 | 56.54 | | 50.00 |
| 21 | ਮੁਰਦਾ ਜਾਨਵਰ | 9.85 | 15.00 | 11.02 | 3.67 | 14.69 | | 15.00 |
| 22 | ਮਿਸਲੇਨੀਅਸ | 110.64 | 20.00 | 11.61 | 8.39 | 20.00 | | 20.00 |
| 23 | ਸੇਲ ਆਫ ਲੈਂਡ | 0.00 | 200.00 | 0.00 | 0.00 | 0.00 | | 200.00 |
| 25 | ਰੈਂਟ | 12.84 | 15.00 | 8.53 | 1.88 | 10.41 | | 15.00 |
| 27 | ਫਾਇਰ ਸੈਸ | 3.04 | 5.00 | 1.84 | 0.12 | 1.96 | | 5.00 |
| | **ਕੁੱਲ** | **2062.09** | **2807.30** | **1568.05** | **598.19** | **2166.24** | | **2933.00** |

_sd--

**ਕਾਰਜ ਸਾਧਕ ਅਫਸਰ**
**ਨਗਰ ਕੌਂਸਲ,**
**ਮਾਲੇਰਕੋਟਲਾ**

| ਵਿੱਤੀ ਸਾਲ 2016-17 ਲਈ ਖਰਚੇ ਦੀਆਂ ਮੱਦਾ ਦਾ ਤਜਵੀਜਤ ਬਜੱਟ | | | | | | | | |
|---|---|---|---|---|---|---|---|---|
| ਲੜੀ ਨੰ: | ਖਰਚੇ ਦੀ ਮੱਦ ਦਾ ਨਾਮ | ਅਸਲ ਖਰਚਾ ਸਾਲ 2014-15 | ਪ੍ਰਵਾਨਤ ਬਜੱਟ ਸਾਲ 2015-16 | ਅਸਲ ਖਰਚਾ ਮਿਤੀ 31/12/15 ਤੱਕ | ਅਨੁਮਾਨਤ ਖਰਚਾ 1/16 ਤੋਂ 3/16 ਤੱਕ | ਕੁੱਲ ਖਰਚਾ (ਕਾਲਮ ਨੰ:5+6) | ਸੋਧਿਆ ਖਰਚਾ 28/2/15 ਤੱਕ | ਤਜਵੀਜਤ ਖਰਚਾ 2016-17 |
| **1** | **2** | **3** | **4** | **5** | **6** | **7** | **8** | **9** |
| | ਅਮਲਾ | | | | | | | |
| 1 | ਜਨਰਲ ਸੈਕਸ਼ਨ | 47.18 | 57.00 | 40.74 | 14.02 | 54.76 | | 230.57 |
| 2 | ਟੈਕਸ ਸੈਕਸ਼ਨ | 25.18 | 30.00 | 19.23 | 10.40 | 29.63 | | 26.21 |
| 3 | ਚੁੰਗੀ ਸੈਕਸ਼ਨ | 75.95 | 90.00 | 66.77 | 23.2 | 89.97 | | 0.00 |
| 4 | ਸੈਨੀਟੈਸ਼ਨ ਸੈਕਸ਼ਨ | 558.12 | 630.00 | 448.47 | 180.75 | 629.22 | | 684.71 |
| 5 | ਵਰਕਸ ਸੈਕਸ਼ਨ | 42.05 | 50.00 | 36.78 | 11.36 | 48.14 | | 57.00 |
| 6 | ਲਾਇਬਰੇਰੀ ਸੈਕਸ਼ਨ | 3.23 | 4.00 | 3.00 | 1.00 | 4.00 | | 4.22 |
| 7 | ਫਾਇਰ ਸੈਕਸ਼ਨ | 18.26 | 15.00 | 11.41 | 2.61 | 14.02 | | 41.29 |
| 8 | ਸੀਵਰ ਸੈਕਸ਼ਨ ਅਤੇ ਮਾਸ਼ਕੀ | 36.73 | 40.00 | 28.09 | 9.22 | 37.31 | | 39.54 |
| 9 | ਵ/ਸ ਸੈਕਸ਼ਨ | 72.84 | 72.00 | 52.51 | 17.57 | 70.08 | | 79.01 |
| 10 | ਨਿਊ ਕਲਰਕ | 20.77 | 28.00 | 19.28 | 6.29 | 25.57 | | 0.00 |
| 11 | ਰਿਟਾਇਰਡ ਬੈਨੀਫਿਟ | 57.97 | 73.00 | 46.55 | 23.41 | 69.96 | | 70.00 |
| 12 | ਐਮ.ਸੀਜ਼ ਭੱਤਾ | 0.0 | 35.00 | 23.94 | 8.16 | 32.1 | | 35.00 |
| 13 | ਮੀਟਿੰਗ ਅਲਾਂਉਸ | 0.0 | 2.00 | 0.00 | 0.00 | 0.00 | | 2.00 |
| 15 | ਟੀ.ਏ.ਡੀ.ਏ. | 0.07 | 0.73 | 0.06 | 0.10 | 0.16 | | 1.00 |
| 16 | ਐਲ.ਟੀ.ਸੀ. | 2.75 | 3.00 | 1.63 | 1.34 | 2.97 | | 3.00 |
| 17 | ਮੈਡੀਕਲ ਬਿੱਲ | 4.83 | 15.00 | 4.84 | 7.44 | 12.28 | | 15.00 |
| 18 | ਪੈਨਸ਼ਨ ਕੰਟਰੀਬਿਊਸ਼ਨ | 175.38 | 200.00 | 152.11 | 39.51 | 191.62 | | 150.00 |
| | | **1141.31** | **1344.73** | **955.41** | **356.38** | **1311.79** | | **1438.55** |
| | ਕੰਟਨਜੈਂਸੀ | 93.96 | 90.66 | 49.56 | 30.86 | 80.42 | | 90.66 |
| | ਕਮਿਟਡ ਖਰਚਾ | 403.30 | 510.1 | 317.55 | 127.75 | 445.3 | | 530.10 |
| | ਡਵੈਲਮੈਂਟ ਤੇ ਖਰਚਾ | 479.02 | 856.81 | 153.63 | 120.59 | 274.22 | | 873.69 |
| | | | | | | | | |
| | ਏਰੀਅਰ | | | | | | | |
| | ਹਾਉਸ ਟੈਕਸ | | | | | | | |
| | ਵ/ਸ ਅਤੇ ਸੀਵਰੇਜ | | | | | | | |
| | ਰੈਟ ਅਤੇ ਤਹਿਬਜਾਰੀ | | | | | | | |
| | **ਕੁੱਲ** | | | | | | | |
| | | | | | | | | |

---sd---

ਕਾਰਜ ਸਾਧਕ ਅਫਸਰ
ਨਗਰ ਕੌਂਸਲ,
ਮਾਲੇਰਕੋਟਲਾ

| ਪ੍ਰੋਫਾਰਮਾ ਨੰ:6 | | | | |
|---|---|---|---|---|
| ਵਿੱਤੀ ਸਾਲ ਲਈ ਮੌਜੂਦਾ ਤੇ ਪ੍ਰਵਾਨਿਤ ਅਸਾਮੀਆਂ ਨੂੰ ਦਰਸਾਉਦਾ ਵੇਰਵਾ | | | | |
| ਲੜੀ ਨੰ: | ਕੁੱਲ ਪ੍ਰਵਾਨਤ ਪੋਸਟਾਂ ਸਮੇਤ ਅਹੁੱਦਾ | ਸੈਕਸ਼ਨ ਪੋਸਟਾਂ | ਭਰੀਆਂ ਪੋਸਟਾਂ | ਖਾਲੀ ਪੋਸਟਾਂ |
| 1 | ਕਾਰਜ ਸਾਧਕ ਅਫਸਰ | 1 | 1 | - |
| 2 | ਲੇਖਾਕਾਰ | 1 | 1 | - |
| 3 | ਸੁਪਰਡੈਂਟ | 1 | 1 | - |
| 4 | ਏ.ਐਮ.ਈ. | 1 | 1 | - |
| 5 | ਐਮ.ਈ. | 1 | "- | 1 |
| 6 | ਜੇ.ਈ. (ਸਿਵਲ) | 2 | "- | 2 |
| 7 | ਜੇ.ਈ.(ਐਮ) | 1 | 1 | - |
| 8 | ਜੇ.ਈ.(ਬਿਜਲੀ) | 1 | 1 | - |
| 9 | ਇੰਸਪੈਕਟਰ | 2 | 2 | - |
| 10 | ਸੈਨਟਰੀ ਇੰਸਪੈਕਟਰ | 1 | 1 | - |
| 11 | ਸਟੈਨੋ ਟਾਈਪਪਿਸਟ | 1 | 1 | - |
| 12 | ਕਲਰਕ | 27 | 27 | |
| 13 | ਸੇਵਾਦਾਰ | 18 | 18 | - |
| 14 | ਟਰੈਕਟਰ ਡਰਾਇਵਰ | 5 | 4 | 1 |
| 15 | ਵਹੀਕਲ ਡਰਾਇਵਰ | 2 | 2 | - |
| 16 | ਮੈਸਨ | 1 | 1 | - |
| 17 | ਬੇਲਦਾਰ | 1 | 1 | - |
| 18 | ਪੰਪ ਉਪਰੇਟਰ | 6 | 6 | 0 |
| 19 | ਸਹਾਇਕ ਪੰਪ ਉਪਰੇਟਰ | 1 | 1 | 0 |
| 20 | ਕੀ.ਮੈਨ | 1 | 1 | - |
| 21 | ਮਾਲੀ | 1 | 1 | - |
| 22 | ਲਾਇਬਰੇਰੀ ਅਟੈਡੈਂਟ | 1 | 1 | - |
| 23 | ਸਫਾਈ ਸੇਵਕ | 120 | 117 | 3 |
| 24 | ਮਾਸ਼ਕੀ | 4 | 4 | - |
| 25 | ਸੀਵਰੇਜ਼ ਪੰਪ ਉਪਰਟੇਰ ਡੈਲੀ ਵੇਜ਼ | 1 | 1 | - |
| 26 | ਸੀਵਰ ਮੈਨ | 5 | 5 | - |
| 27 | ਸਬ ਫਾਇਰ ਅਫਸਰ | 1 | - | 1 |
| 28 | ਫਾਇਰ ਸ਼ਟੈਸ਼ਨ ਅਫਸਰ | 1 | "- | 1 |
| 29 | ਫਾਇਰ ਮੈਨ | 2 | 2 | - |
| 30 | ਫਾਇਰ ਡਰਾਇਵਰ | 1 | 1 | - |
| ਕੁੱਲ | | 212 | 203 | 9 |

---sd---

**ਕਾਰਜ ਸਾਧਕ ਅਫਸਰ**

**ਨਗਰ ਕੌਂਸਲ,ਮਾਲੇਰਕੋਟਲਾ**